


# Orientation to Ontario

## ਪੈਸਾ ਅਤੇ ਨਿਜੀ ਫ਼ਾਇਨਾਂਸ

### ਬੈਂਕ ਅਤੇ ਕ੍ਰੈਡਿਟ ਯੂਨੀਅਨਸ

ਬੈਂਕ ਅਤੇ ਕ੍ਰੈਡਿਟ ਯੂਨੀਅਨਸ ਹੇਠਾਂ ਦਿੱਤਿਆਂ ਸਮੇਤ ਕਈ ਮਾਲੀ ਸੇਵਾਵਾਂ ਦੀ ਪੇਸ਼ਕਸ਼ ਕਰਦੀਆਂ ਹਨ:

- ਚੈਕਿੰਗ ਅਤੇ ਬਚਤ ਖਾਤੇ।
- ਆਟੋਮੇਟਿਡ ਬੈਂਕਿੰਗ ਜਾਂ ਟੈਲਰ ਮਸ਼ੀਨ (ABM ਜਾਂ ATM) 'ਤੇ ਅਤੇ ਇੰਟਰੈਕ ਪੁਆਇੰਟ-ਆੱਫ਼-ਸੇਲ ਖ਼ਰੀਦਾਰੀਆਂ ਲਈ ਤੁਹਾਡੇ ਖਾਤਿਆਂ ਤੱਕ ਪਹੁੰਚ ਕਰਨ ਲਈ ਡੈਬਿਟ ਕਾਰਡ।
- 24-ਘੰਟੇ ਇੰਟਰਨੈਟ ਅਤੇ ਟੈਲੀਫੋਨ ਬੈਂਕਿੰਗ।
- ਕ੍ਰੈਡਿਟ ਕਾਰਡ, ਕ੍ਰੈਡਿਟ ਦੀ ਸੀਮਾ, ਕਰਜ਼ੇ ਅਤੇ ਮੌਰਟਗੇਜ।
- ਪੂੰਜੀਕਾਰੀ ਸਬੰਧੀ ਉਤਪਾਦ ਅਤੇ ਮਾਲੀ ਵਿਉਂਤਬੰਦੀ।

ਕਈ ਬੈਂਕ ਅਤੇ ਕ੍ਰੈਡਿਟ ਯੂਨੀਅਨਸ, ਆਪਣੀਆਂ ਸੇਵਾਵਾਂ ਲਈ ਮਹੀਨੇਵਾਰ ਫ਼ੀਸ ਲੈਂਦੀਆਂ ਹਨ, ਪਰ ਕੁਝ ਬੈਂਕ ਹਨ, ਜੋ ਕੋਈ ਵੀ ਫ਼ੀਸ ਨਾ ਲੈਣ ਦੇ ਬੈਂਕਿੰਗ ਦੇ ਵਿਕਲਪਾਂ ਦੀ ਪੇਸ਼ਕਸ਼ ਕਰਦੇ ਹਨ। ਆਪਣਾ ਖਾਤਾ ਖੋਲ੍ਹਣ ਤੋਂ ਪਹਿਲਾਂ ਕਿਸੇ ਵੀ ਬੈਂਕਿੰਗ ਫ਼ੀਸ ਬਾਰੇ ਪੁੱਛੋ। ਤੁਹਾਨੂੰ ਪਛਾਣ ਦੇ ਦੋ ਦਸਤਾਵੇਜ਼ ਵਿਖਾਉਣੇ ਪੈਣਗੇ: ਇੱਕ ਤੁਹਾਡੀ ਫੋਟੋ ਅਤੇ ਦਸਤਖ਼ਤ ਵਾਲਾ ਦਸਤਾਵੇਜ਼ ਅਤੇ ਦੂਜਾ ਤੁਹਾਡਾ ਪਤਾ ਦਰਸਾਉਣ ਵਾਲਾ ਦਸਤਾਵੇਜ਼ ਹੈ।

### ਕ੍ਰੈਡਿਟ

ਕ੍ਰੈਡਿਟ ਕਾਰਡ ਅਤੇ ਕਰਜ਼ੇ ਕ੍ਰੈਡਿਟ ਦੀਆਂ ਸਭ ਤੋਂ ਆਮ ਕਿਸਮਾਂ ਹਨ। ਜਦੋਂ ਤੁਸੀਂ ਕ੍ਰੈਡਿਟ ਕਾਰਡ ਦੀ ਵਰਤੋਂ ਕਰਦੇ ਹੋ, ਤਾਂ ਰਿਣਦਾਤਾ (ਆਮ ਤੌਰ 'ਤੇ ਬੈਂਕ ਜਾਂ ਕ੍ਰੈਡਿਟ ਕਾਰਡ ਕੰਪਨੀ) ਵਲੋਂ ਤੁਹਾਡੇ ਤੋਂ ਵਿਆਜ ਲਾਇਆ ਜਾਏਗਾ। ਕੁੱਲ ਰਕਮ ਦੇ ਹਿਸਾਬ ਨਾਲ ਵਿਆਜ ਦੀ ਦਰ ਦੀ ਫ਼ੀਸਦ ਹੁੰਦੀ ਹੈ।

ਕਰਜ਼ੇ ਦਾ ਭੁਗਤਾਨ ਕਰਨ ਵਿੱਚ ਜਿੰਨਾ ਵੱਧ ਸਮਾਂ ਲੱਗੇਗਾ, ਤੁਹਾਨੂੰ ਉਨਾ ਹੀ ਵੱਧ ਵਿਆਜ ਦੇਣਾ ਪਏਗਾ। ਕ੍ਰੈਡਿਟ ਅਤੇ ਕਰਜ਼ੇ ਦੀਆਂ ਵੱਖ-ਵੱਖ ਕਿਸਮਾਂ ਬਾਰੇ ਹੋਰ ਪਤਾ ਲਾਉਣ ਲਈ ਕਨੇਡਾ ਵਿੱਚ ਤੁਹਾਡਾ ਸੁਆਗਤ ਹੈ, ਗਾਈਡ ਪੜ੍ਹੋ: canada.ca ਜਾਂ findlink.at/welcomecan

ਤੁਹਾਡਾ ਕ੍ਰੈਡਿਟ ਇਤਿਹਾਸ ਤੁਹਾਡੇ ਪਿਛਲੇ ਕਰਜ਼ਿਆਂ, ਕ੍ਰੈਡਿਟ ਅਤੇ ਭੁਗਤਾਨਾਂ ਦਾ ਰਿਕਾਰਡ ਹੈ। ਬਹੁਤੇ ਲੋਕ ਕ੍ਰੈਡਿਟ ਕਾਰਡ ਨਾਲ ਆਪਣਾ ਕ੍ਰੈਡਿਟ ਇਤਿਹਾਸ ਤਿਆਰ ਕਰਨਾ ਸ਼ੁਰੂ ਕਰਦੇ ਹਨ। ਕ੍ਰੈਡਿਟ ਦੀ ਜ਼ਿੰਮੇਵਾਰ ਵਰਤੋਂ ਤੋਂ ਰਿਣਦਾਤਿਆਂ ਨੂੰ ਪਤਾ ਚੱਲਦਾ ਹੈ ਕਿ ਕਰਜ਼ੇ ਲਈ ਤੁਸੀਂ ਇੱਕ ਵਧੀਆ ਉਮੀਦਵਾਰ ਹੋ। ਨਵੇਂ ਆਉਣ ਵਾਲਿਆਂ ਲਈ ਕ੍ਰੈਡਿਟ ਕਾਰਡ ਪ੍ਰੋਗਰਾਮਾਂ ਬਾਰੇ ਆਪਣੇ ਬੈਂਕ ਵਿੱਚ ਕਿਸੇ ਵਿਅਕਤੀ ਨਾਲ ਗੱਲ ਕਰੋ।

ਹੋਰ ਜਾਣਕਾਰੀ ਲਈ fcac-acfc.gc.ca 'ਤੇ ਕਨੇਡਾ ਦੀ ਮਾਲੀ ਖਪਤਕਾਰ ਏਜੰਸੀ (Financial Consumer Agency of Canada) 'ਤੇ ਜਾਓ।

ਧੋਖੇਬਾਜ਼ੀ ਅਤੇ ਪਛਾਣ ਦੀ ਚੋਰੀ ਬਾਰੇ ਜਾਣਕਾਰੀ ਲਈ, ਸਨਅਤ ਬਾਰੇ ਕਨੇਡਾ ਦੀ ਆਨਲਾਈਨ ਹੱਥ-ਪੁਸਤਿਕਾ (Industry Canada's online Consumer Handbook) ਪੜ੍ਹੋ: consumerhandbook.ca ਜਾਂ findlink.at/CCHanbook

### ਟੈਕਸ

ਕਨੇਡਾ ਵਿਚਲੀਆਂ ਸਰਕਾਰਾਂ ਸਿਹਤ-ਸੰਭਾਲ, ਸਕੂਲਾਂ ਅਤੇ ਹਾਈਵੇਜ਼ ਵਰਗੀਆਂ ਸਰਕਾਰੀ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਲਈ ਭੁਗਤਾਨ ਕਰਨ ਵਾਸਤੇ ਟੈਕਸਾਂ ਦੀ ਵਰਤੋਂ ਕਰਦੀਆਂ ਹਨ। ਟੈਕਸਾਂ ਦੀਆਂ ਵੱਖ-ਵੱਖ ਕਿਸਮਾਂ ਦੇ ਬਿਓਰੇ ਲਈ ontario.ca ਜਾਂ findlink.at/Finance 'ਤੇ ਮਾਲੀ ਮਹਿਕਮੇ 'ਤੇ ਜਾਓ।

ਆਮਦਨ ਟੈਕਸ – ਜੇ ਤੁਸੀਂ ਕਨੇਡਾ ਦੇ ਵਸਨੀਕ ਹੋ, ਤਾਂ ਤੁਹਾਨੂੰ ਕਨੇਡਾ ਰੈਵਿਨਿਊ ਏਜੰਸੀ (CRA) ਕੋਲ ਹਰ ਸਾਲ ਆਮਦਨ ਟੈਕਸ ਰਿਟਰਨ ਜ਼ਰੂਰ ਦਾਇਰ ਕਰਨੀ ਚਾਹੀਦੀ ਹੈ।

1-855-626-0002
https://settlement.org/o2o




Funded by / Financé par

Immigration, Refugees and Citizenship Canada
Immigration, Réfugiés et Citoyenneté Canada

Ontario

ਬਹੁਤੇ ਮੁਲਾਜ਼ਮਾਂ ਦੇ ਟੈਕਸ ਉਹਨਾਂ ਦੀ ਤਨਖ਼ਾਹ ਤੋਂ ਲਏ ਜਾਂਦੇ ਹਨ—ਠੇਕੇ 'ਤੇ ਕੰਮ ਕਰਨ ਵਾਲੇ ਵਰਕਰ ਅਤੇ ਸਵੈ-ਰੋਜ਼ਗਾਰਾਂ ਨੂੰ ਆਪਣੇ ਆਪ ਟੈਕਸ ਜ਼ਰੂਰ ਭਰਨੇ ਚਾਹੀਦੇ ਹਨ।

ਕਈ ਲੋਕਾਂ ਨੂੰ ਆਪਣੀ ਰਿਟਰਨ ਦਾਇਰ ਕਰਨ ਅਤੇ ਦਾਅਵੇ ਦੇ ਉਪਲਬਧ ਕ੍ਰੈਡਿਟ ਅਤੇ ਖ਼ਰਚਿਆਂ ਤੋਂ ਬਾਅਦ CRA ਤੋਂ ਪੈਸਾ ਵਾਪਸ ਮਿਲ ਸਕਦਾ ਹੈ। ਫ਼ੈਡਰਲ ਟੈਕਸ ਰਿਟਰਨਾਂ ਵਿੱਚ ਸੂਬਾਈ ਆਮਦਨ ਟੈਕਸ ਲਈ ਹਿੱਸਾ ਵੀ ਸ਼ਾਮਿਲ ਹੈ।

ਭਾਈਚਾਰਕ ਵਾੱਲੰਟੀਅਰ ਆਮਦਨ ਟੈਕਸ ਪ੍ਰੋਗਰਾਮ (Community Volunteer Income Tax Program) ਰਾਹੀਂ ਤੁਸੀਂ ਆਪਣੀ ਰਿਟਰਨ ਭਰਨ ਵਿੱਚ ਮੁਫ਼ਤ ਮਦਦ ਲੈ ਸਕਦੇ ਹੋ।

ਹੋਰ ਜਾਣਕਾਰੀ ਲਈ canada.ca ਜਾਂ findlink.at/incometax 'ਤੇ ਕਨੇਡਾ ਰੈਵਿਨਿਊ ਏਜੰਸੀ (CRA) 'ਤੇ ਜਾਓ।

ਵਿਕਰੀ ਟੈਕਸ – ਓਂਟਾਰੀਓ ਵਿਚਲੇ ਸਾਰੇ ਖਪਤਕਾਰ, ਖਪਤਕਾਰੀ ਵਸਤਾਂ ਅਤੇ ਸੇਵਾਵਾਂ 'ਤੇ ਇਕਸਾਰ ਵਿਕਰੀ ਟੈਕਸ (HST) ਦਾ ਭੁਗਤਾਨ ਕਰਦੇ ਹਨ। ਕਰਿਆਨੇ ਦੇ ਸਮਾਨ, ਡਾਈਪਰਾਂ ਅਤੇ ਬੱਚਿਆਂ ਦੇ ਕੱਪੜਿਆਂ ਵਰਗੀਆਂ ਜ਼ਰੂਰੀ ਵਸਤਾਂ 'ਤੇ ਟੈਕਸ ਨਹੀਂ ਲੱਗਦਾ। ਓਂਟਾਰੀਓ ਦਾ HST ਵਿਕਰੀ ਦੀ ਕੀਮਤ ਦਾ 13% ਹੈ। ਓਂਟਾਰੀਓ ਦੇ ਘੱਟ ਜਾਂ ਦਰਮਿਆਨੀ ਆਮਦਨ ਵਾਲੇ ਵਸਨੀਕਾਂ ਨੂੰ CRA ਤੋਂ ਵਾਪਸ HST ਦਾ ਛੋਟਾ ਹਿੱਸਾ ਮਿਲਦਾ ਹੈ। ਤੁਸੀਂ ਆਪਣੀ ਸਲਾਨਾ ਆਮਦਨ ਟੈਕਸ ਰਿਟਰਨ 'ਤੇ HST ਕ੍ਰੈਡਿਟ ਲਈ ਅਪਲਾਈ ਕਰ ਸਕਦੇ ਹੋ। ਭੁਗਤਾਨ ਦੀਆਂ ਰਕਮਾਂ ਤੁਹਾਡੀ ਆਮਦਨ ਦੇ ਪੱਧਰ 'ਤੇ ਨਿਰਭਰ ਕਰਦੀਆਂ ਹਨ।

HST ਕ੍ਰੈਡਿਟ ਬਾਰੇ ਹੋਰ ਜਾਣਕਾਰੀ ਲਈ canada.ca ਜਾਂ findlink.at/GST-HST 'ਤੇ ਜਾਓ।


ਸੰਪਤੀ ਟੈਕਸ – ਸੰਪਤੀ ਦੇ ਮਾਲਕਾਂ ਨੂੰ ਆਪਣੀ ਮਿਊਨਿਸਪੈਲਿਟੀ ਵਿੱਚ ਟੈਕਸ ਜ਼ਰੂਰ ਭਰਨਾ ਚਾਹੀਦਾ ਹੈ। ਮਿਊਨਿਸੀਪਲ ਸਰਕਾਰ ਇਸ ਟੈਕਸ ਦੀ ਦਰ ਅਤੇ ਸੰਪਤੀ ਦੀ ਕੀਮਤ ਦੇ ਅਧਾਰ 'ਤੇ ਦਿੱਤੀ ਜਾਣ ਵਾਲੀ ਰਕਮ ਦਾ ਫ਼ੈਸਲਾ ਕਰਦੀ ਹੈ। ਜੇ ਤੁਸੀਂ ਆਪਣਾ ਘਰ ਜਾਂ ਕਾਰੋਬਾਰ ਕਿਰਾਏ 'ਤੇ ਦਿੱਤਾ ਹੈ, ਤਾਂ ਤੁਹਾਨੂੰ ਸੰਪਤੀ ਟੈਕਸ ਦਾ ਭੁਗਤਾਨ ਨਹੀਂ ਕਰਨਾ ਪੈਂਦਾ, ਪਰ ਸੰਪਤੀ ਟੈਕਸ ਦੀ ਲਾਗਤ ਕਿਰਾਏ ਦੀਆਂ ਦਰਾਂ ਤੈਅ ਕਰਨ ਦਾ ਹਿੱਸਾ ਹੈ।

## ਟੈਕਸ ਕ੍ਰੈਡਿਟ ਅਤੇ ਲਾਭ

ਓਂਟਾਰੀਓ ਦੇ ਵਸਨੀਕਾਂ ਲਈ ਉਹਨਾਂ ਦੀ ਆਮਦਨ ਟੈਕਸ ਰਿਟਰਨ ਦੇ ਅਧਾਰ 'ਤੇ HST ਕ੍ਰੈਡਿਟ ਵਰਗੀਆਂ ਕਈ ਆਮਦਨ ਸਹਾਇਤਾ ਉਪਲਬਧ ਹਨ। ਟੈਕਸ ਰਿਟਰਨ ਭਰਨੀ ਬਹੁਤ ਜ਼ਰੂਰੀ ਹੈ, ਭਾਵੇਂ ਤੁਹਾਨੂੰ ਆਮਦਨ ਨਹੀਂ ਹੁੰਦੀ।

ਦੋ ਅਹਿਮ ਕ੍ਰੈਡਿਟਾਂ ਵਿੱਚ ਕੰਮ ਸਬੰਧੀ ਆਮਦਨ ਟੈਕਸ ਲਾਭ (WITB) ਅਤੇ ਕਨੇਡਾ ਬਾਲ ਲਾਭ (CCB) ਸ਼ਾਮਿਲ ਹਨ। WITB ਅਤੇ CCB ਤੁਹਾਡੀ ਆਮਦਨ 'ਤੇ ਅਧਾਰਿਤ ਹਨ। ਧਿਆਨ ਦਿਓ ਕਿ ਟੈਕਸ ਕ੍ਰੈਡਿਟ ਅਤੇ ਹੋਰ ਲਾਭਾਂ ਲਈ ਹੱਕਦਾਰ ਹੋਣ ਵਾਸਤੇ ਤੁਹਾਡੇ ਜੀਵਨ-ਸਾਥੀ ਜਾਂ ਬਿਨਾ-ਵਿਆਹੇ ਸਾਥੀ ਨੂੰ ਵੀ ਹਰ ਸਾਲ ਟੈਕਸ ਰਿਟਰਨ ਜ਼ਰੂਰ ਭਰਨੀ ਚਾਹੀਦੀ ਹੈ।

ਟੈਕਸ ਕ੍ਰੈਡਿਟ ਅਤੇ ਲਾਭਾਂ ਬਾਰੇ ਹੋਰ ਜਾਣਕਾਰੀ canada.ca ਜਾਂ findlink.at/cra-bnft 'ਤੇ ਕਨੇਡਾ ਰੈਵਿਨਿਊ ਏਜੰਸੀ 'ਤੇ ਜਾਓ।




**ਅਹਿਮ ਟਿੱਪਣੀ**

ਪਛਾਣ ਲਈ ਓਂਟਾਰੀਓ ਦੇ ਡ੍ਰਾਈਵਿੰਗ ਲਾਇਸੈਂਸ ਜਾਂ ਫੋਟੋ ਕਾਰਡ ਦੀ ਵਰਤੋਂ ਕਰਕੇ ਆਪਣੀ ਪਛਾਣ ਦੀ ਰਾਖੀ ਕਰੋ। ਆਪਣੇ ਸੋਸ਼ਲ ਇੰਸ਼ੋਰੈਂਸ ਨੰਬਰ ਦੀ ਵਰਤੋਂ ਨਾ ਕਰੋ।

